# ਬੇਸਲਾਈਨ ਸੰਖੇਪ ਰਿਪੋਰਟ

Te Korowai Whetū
Social Cohesion

Social Cohesion Guide

## Social cohesion ਬੇਸਲਾਈਨ ਰਿਪੋਰਟ ਦਾ ਸਾਰ

Social cohesion ਬੇਸਲਾਈਨ ਸਾਰ ਇੱਕ ਰਿਪੋਰਟ ਹੈ ਜੋ ਦੱਸਦੀ ਹੈ ਕਿ Aotearoa ਨਿਊਜ਼ੀਲੈਂਡ ਵਿੱਚ ਮੌਜੂਦਾ ਜਾਣਕਾਰੀ ਦੇ ਅਧਾਰ 'ਤੇ Social cohesion ਕਿਸ ਤਰ੍ਹਾਂ ਦਾ ਦਿਖਾਈ ਦਿੰਦਾ ਹੈ। ਇਹ ਭਵਿੱਖ ਵਿੱਚ social cohesion ਨੂੰ ਮਾਪਣ ਲਈ ਇੱਕ ਸ਼ੁਰੂਆਤੀ ਬਿੰਦੂ ਪ੍ਰਦਾਨ ਕਰਦਾ ਹੈ।

Aotearoa ਨਿਊਜ਼ੀਲੈਂਡ ਵਿੱਚ, ਸਾਡੇ ਸਮਾਜ ਵਿੱਚ social cohesion ਹੈ ਜਦੋਂ ਲੋਕ ਜੁੜਦੇ ਹਨ ਅਤੇ ਸੰਬੰਧ ਦੀ ਭਾਵਨਾ ਮਹਿਸੂਸ ਕਰਦੇ ਹਨ, ਹਿੱਸਾ ਲੈਣ ਦੇ ਯੋਗ ਹੁੰਦੇ ਹਨ, ਪਛਾਣੇ ਜਾਂਦੇ ਹਨ ਅਤੇ ਸਤਿਕਾਰੇ ਜਾਂਦੇ ਹਨ, ਬਰਾਬਰੀ ਨਾਲ ਸ਼ਾਮਲ ਕੀਤੇ ਜਾਂਦੇ ਹਨ ਅਤੇ ਦੂਜਿਆਂ ਅਤੇ ਸਰਕਾਰੀ ਸੰਸਥਾਵਾਂ ਵਿੱਚ ਭਰੋਸਾ ਕਰਦੇ ਹਨ।

social cohesion ਪ੍ਰਾਪਤ ਕਰਨ ਲਈ, ਉਹ ਸਥਾਨ ਜਿੱਥੇ ਲੋਕ ਰਹਿੰਦੇ ਹਨ, ਕੰਮ ਕਰਦੇ ਹਨ, ਖੇਡਦੇ ਹਨ ਅਤੇ ਸਿੱਖਦੇ ਹਨ ਸੁਰੱਖਿਅਤ, ਸੰਮਲਿਤ ਅਤੇ ਸਹਾਇਕ ਹੋਣੇ ਚਾਹੀਦੇ ਹਨ; ਅਤੇ ਸਾਡੇ ਸਮਾਜ ਵਿੱਚ ਸਿਸਟਮ ਅਤੇ ਸੇਵਾਵਾਂ ਨਿਰਪੱਖ ਹੋਣੀਆਂ ਚਾਹੀਦੀਆਂ ਹਨ ਅਤੇ ਵੱਖ-ਵੱਖ ਲੋੜਾਂ ਅਤੇ ਮੁੱਦਿਆਂ ਦਾ ਜਵਾਬ ਦੇਣ ਦੇ ਯੋਗ ਹੋਣੀਆਂ ਚਾਹੀਦੀਆਂ ਹਨ।

Aotearoa ਨਿਊਜ਼ੀਲੈਂਡ ਵਿੱਚ social cohesion ਨੂੰ ਮਾਪਣ ਦਾ ਕੋਈ ਇੱਕ ਤਰੀਕਾ ਨਹੀਂ ਹੈ, ਇਸ ਲਈ ਸਾਨੂੰ ਇਹ ਸਮਝਣ ਲਈ ਜਾਣਕਾਰੀ ਅਤੇ ਡੇਟਾ ਦੇ ਕਈ ਸਰੋਤਾਂ ਦੀ ਵਰਤੋਂ ਕਰਨੀ ਪਵੇਗੀ ਕਿ ਸਾਡਾ social cohesion ਅਸਲ ਵਿੱਚ ਕਿਹੋ ਜਿਹਾ ਦਿਖਾਈ ਦਿੰਦਾ ਹੈ। ਅਸੀਂ ਮੌਜੂਦਾ ਡਾਟਾ ਸਰੋਤਾਂ ਅਤੇ 2016 ਅਤੇ 2021 ਦਰਮਿਆਨ ਇਕੱਤਰ ਕੀਤੇ ਸਰਵੇਖਣਾਂ ਦੀ ਵਰਤੋਂ ਕੀਤੀ। ਆਮ ਤੌਰ 'ਤੇ, social cohesion ਦੇ ਸਬੰਧ ਵਿੱਚ ਸਕਾਰਾਤਮਕ ਜਾਣਕਾਰੀ ਹੁੰਦੀ ਸੀ, ਪਰ ਕਈ ਵਾਰ ਜਾਣਕਾਰੀ social cohesion ਨਾਲ ਸਬੰਧਤ ਵਧੇਰੇ ਗੁੰਝਲਦਾਰ ਮੁੱਦਿਆਂ ਨੂੰ ਨਹੀਂ ਦਰਸਾਉਂਦੀ ਸੀ। ਉਦਾਹਰਨ ਲਈ, ਜੋ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਉਸ ਦੀ ਵਰਤੋਂ ਸਮਾਜ ਵਿੱਚ ਛੋਟੇ ਸਮੂਹਾਂ ਲਈ social cohesion ਨੂੰ ਸਮਝਣ ਲਈ ਹਮੇਸ਼ਾ ਨਹੀਂ ਕੀਤੀ ਜਾ ਸਕਦੀ।

ਜਾਣਕਾਰੀ ਦਰਸਾਉਂਦੀ ਹੈ ਕਿ Aotearoa ਨਿਊਜ਼ੀਲੈਂਡ ਵਿੱਚ ਰਹਿਣ ਵਾਲੇ ਬਹੁਤ ਸਾਰੇ ਲੋਕਾਂ ਵਿੱਚ ਉੱਚ ਪੱਧਰੀ ਸਬੰਧ, ਵਿਸ਼ਵਾਸ, ਭਾਗੀਦਾਰੀ ਅਤੇ ਤੰਦਰੁਸਤੀ ਹੈ। ਪਰ ਇਹ, ਇਹ ਵੀ ਦੱਸਦੀ ਹੈ ਕਿ ਇਹ ਸਾਰੇ ਲੋਕਾਂ ਦਾ ਅਨੁਭਵ ਨਹੀਂ ਹੈ। ਉਦਾਹਰਨ ਲਈ, Māori ਬਾਰੇ ਅੰਕੜੇ ਦਰਸਾਉਂਦੇ ਹਨ ਕਿ ਉਹਨਾਂ ਦੇ ਪਰਿਵਾਰ ਅਤੇ ਸੱਭਿਆਚਾਰ ਦੁਆਰਾ ਉੱਚ ਪੱਧਰੀ ਸਬੰਧ ਹਨ, ਪਰ ਸਰਕਾਰ ਵਿੱਚ ਵਿਸ਼ਵਾਸ ਦਾ ਹੇਠਲਾ ਪੱਧਰ ਅਤੇ ਸਿੱਖਿਆ, ਰੁਜ਼ਗਾਰ ਅਤੇ ਵੋਟਿੰਗ ਵਿੱਚ ਘੱਟ ਭਾਗੀਦਾਰੀ ਹੈ।

ਇਸ ਤੋਂ ਇਲਾਵਾ, ਜਾਣਕਾਰੀ ਇਹ ਵੀ ਦਰਸਾਉਂਦੀ ਹੈ ਕਿ Aotearoa ਨਿਊਜ਼ੀਲੈਂਡ ਵਿੱਚ social cohesion ਲਈ ਵਿਤਕਰਾ ਇੱਕ ਮਹੱਤਵਪੂਰਨ ਰੁਕਾਵਟ ਹੈ। ਕੁਝ ਸਮੂਹ ਉੱਚ ਪੱਧਰ ਦੇ ਵਿਤਕਰੇ ਦਾ ਅਨੁਭਵ ਕਰਦੇ ਹਨ, ਜਿਵੇਂ ਕਿ ਪੁਨਰਵਾਸ ਕੀਤੇ ਲੋਕ (ਸ਼ਰਨਾਰਥੀ) ਅਤੇ ਏਸ਼ੀਆ ਅਤੇ ਪ੍ਰਸ਼ਾਂਤ ਟਾਪੂਆਂ ਤੋਂ ਪ੍ਰਵਾਸੀ, ਇਕੱਲੇ ਮਾਪੇ ਅਤੇ ਬੇਰੁਜ਼ਗਾਰ ਲੋਕ। ਬਹੁਤ ਸਾਰੇ ਲੋਕਾਂ ਨੇ ਇੱਕੋ ਸਮੇਂ 'ਤੇ ਕਈ ਕਿਸਮਾਂ ਦੇ ਵਿਤਕਰੇ ਦਾ ਅਨੁਭਵ ਕੀਤਾ, ਜਿਸ ਨੇ ਉਨ੍ਹਾਂ ਦੇ ਨਕਾਰਾਤਮਕ ਅਨੁਭਵਾਂ ਨੂੰ ਤੇਜ਼ ਕੀਤਾ। ਉਦਾਹਰਨ ਲਈ, ਔਰਤਾਂ ਅਤੇ ਸਤਰੰਗੀ ਭਾਈਚਾਰਿਆਂ ਨੇ (LGBTQIA+) ਸਮੁੱਚੇ ਤੌਰ 'ਤੇ ਉੱਚ ਵਿਤਕਰੇ ਦਾ ਅਨੁਭਵ ਕੀਤਾ, ਪਰ ਇਹਨਾਂ ਸਮੂਹਾਂ ਦੇ ਲੋਕਾਂ ਦੁਆਰਾ ਉਹਨਾਂ ਦੀ ਨਸਲੀ ਜਾਂ ਅਪਾਹਜਤਾ ਆਦਿ ਦੇ ਅਧਾਰ 'ਤੇ ਅਨੁਭਵ ਕੀਤੇ ਗਏ ਵਿਤਕਰੇ ਵਿੱਚ ਅੰਤਰ ਸਨ।

ਅੰਤ ਵਿੱਚ, ਜਾਣਕਾਰੀ ਦਰਸਾਉਂਦੀ ਹੈ ਕਿ ਸਰਕਾਰੀ ਅਤੇ ਜਨਤਕ ਸੇਵਾਵਾਂ ਵਿੱਚ ਸੀਨੀਅਰ ਲੀਡਰਸ਼ਿਪ ਦੀਆਂ ਭੂਮਿਕਾਵਾਂ ਨਸਲੀ ਤੌਰ 'ਤੇ ਵਿਭਿੰਨ ਹੋ ਸਕਦੀਆਂ ਹਨ। ਇਹ Aotearoa ਨਿਊਜ਼ੀਲੈਂਡ ਵਿੱਚ ਸਮਾਜ ਦੀ ਬਣਤਰ ਨੂੰ ਬਿਹਤਰ ਢੰਗ ਨਾਲ ਦਰਸਾਉਂਦਾ ਹੈ।

COVID-19 ਨੇ Aotearoa ਨਿਊਜ਼ੀਲੈਂਡ ਵਿੱਚ social cohesion 'ਤੇ ਸਕਾਰਾਤਮਕ ਅਤੇ ਨਕਾਰਾਤਮਕ ਦੋਵਾਂ ਤਰੀਕਿਆਂ ਨਾਲ ਪ੍ਰਭਾਵ ਪਾਇਆ ਹੈ। ਉਦਾਹਰਨ ਲਈ, ਭਾਈਚਾਰੇ ਇੱਕ ਦੂਜੇ ਦਾ ਸਮਰਥਨ ਕਰਨ ਲਈ ਇਕੱਠੇ ਹੋ ਗਏ ਹਨ, ਪਰ ਬਹੁਤ ਸਾਰੇ ਲੋਕ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਆਹਮੋ-ਸਾਹਮਣੇ ਨਹੀਂ ਦੇਖ ਸਕੇ ਹਨ, ਅਤੇ ਮਹਾਂਮਾਰੀ ਨੇ ਸਰੀਰਕ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਨੂੰ ਵਧਾ ਦਿੱਤਾ ਹੈ। COVID-19 ਮਹਾਂਮਾਰੀ ਦੇ ਹੋਰ ਪ੍ਰਭਾਵ ਅਜੇ ਵੀ ਹੋ ਰਹੇ ਹਨ।

Te Korowai Whetū
Social Cohesion